ਸੁਖਵਿੰਦਰ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਜੋ ਕੁਝ ਦੇਖਿਆ ਉਹ ਅੱਗੇ ਦਿੱਤੇ ਖਾਨੇ ਵਿੱਚ ਲਿਖੋ ਅਤੇ ਉਥੇ ਜਾਣ ਲਈ ਜਿਹੜੇ ਸਾਧਨਾਂ ਦੀ ਵਰਤੋਂ ਕੀਤੀ ਉਹ ਵੀ ਲਿਖੋ—

| ਦੇਖਿਆ ਗਿਆ ਸਥਾਨ | ਜਾਣ ਲਈ ਸਾਧਨ |
|---|---|
| | |
| | |
| | |
| | |

**ਕਿਰਿਆ 1** ਬੱਚਿਓ! ਤੁਸੀਂ ਵੀ ਛੁੱਟੀਆਂ ਵਿੱਚ ਜ਼ਰੂਰ ਨਾਨੀ, ਭੂਆ ਜਾਂ ਮਾਸੀ ਕੋਲ ਗਏ ਹੋਵੋਗੇ। ਉਥੇ ਤੁਸੀਂ ਕਿਹੜੀ-ਕਿਹੜੀ ਜਗ੍ਹਾ ਵੇਖੀ ਉਨ੍ਹਾਂ ਦੇ ਨਾਂ ਲਿਖੋ ਅਤੇ ਜਿਸ ਸਾਧਨ ਰਾਹੀਂ ਗਏ ਉਹ ਵੀ ਲਿਖੋ।

| ਜਗ੍ਹਾ | ਸਾਧਨ |
|---|---|
| | |
| | |
| | |
| | |

ਹੋ ਸਕਦਾ ਹੈ ਕੁੱਝ ਬੱਚਿਆਂ ਨੂੰ ਕਿਸੇ ਪ੍ਰਸਿੱਧ/ਮਹੱਤਵਪੂਰਨ ਸਥਾਨ ਉੱਤੇ ਜਾਣ ਦਾ ਮੌਕਾ ਨਾ ਮਿਲਿਆ ਹੋਵੇ। ਉਨ੍ਹਾਂ ਨੂੰ ਉਪਰੋਕਤ ਗਤੀਵਿਧੀ ਆਪਣੇ ਨੇੜੇ ਦੇ ਪਿੰਡ ਜਾਂ ਸ਼ਹਿਰ ਬਾਰੇ ਵੀ ਕਰਵਾਈ ਜਾ ਸਕਦੀ ਹੈ।

**ਸੁਖਵਿੰਦਰ**—ਫਿਰ ਤੁਸੀਂ ਕਿੱਥੇ ਗਏ ?

**ਅਮਨ**—ਇੱਥੋਂ ਅਸੀਂ ਉਸੇ ਬੱਸ ਵਿੱਚ ਬੈਠ ਕੇ ਅਟਾਰੀ ਬਾਰਡਰ ਦੇਖਣ ਗਏ। ਇੱਥੇ ਅਸੀਂ ਸ਼ਾਮ ਨੂੰ ਭਾਰਤ-ਪਾਕਿਸਤਾਨ ਸਰਹੱਦ ਤੇ ਝੰਡਾ ਉਤਾਰਣ ਦੀ ਰਸਮ ਵੇਖੀ। ਉੱਥੇ ਸਾਡੀ ਮੁਲਾਕਾਤ ਭਾਰਤੀ ਸੀਮਾ ਸੁਰੱਖਿਆ ਬੱਲ ਦੇ ਜਵਾਨ ਸ.ਗੁਰਪ੍ਰੀਤ ਸਿੰਘ ਨਾਲ ਹੋਈ। ਉਨ੍ਹਾਂ ਸਾਨੂੰ ਸੜਕ ਸੁਰੱਖਿਆ ਨਿਯਮਾਂ ਬਾਰੇ ਇੱਕ ਕਵਿਤਾ ਵੀ ਸੁਣਾਈ।

ਚੰਗਾ ਹੋਵੇ ਜੇਕਰ ਬੱਚਿਓ,

ਸੁਰੱਖਿਆ ਨਿਯਮ ਅਪਣਾਈਏ,

ਸੁਖੀ-ਸਾਂਦੀ ਘਰ ਤੋਂ ਚੱਲੀਏ,
ਸੁਖੀ-ਸਾਂਦੀ ਮੁੜ ਆਈਏ।
ਚੱਲਣ ਲਈ ਇੱਕ ਨਿਯਮ ਹੈ ਪੱਕਾ, ਖੱਬੇ ਹੱਥ ਹੀ ਜਾਈਏ,
ਕਰਤਬ ਕਦੇ ਨਾ ਸੜਕ ਤੇ ਕਰੀਏ,
ਨਾ ਹੀ ਖੇਡ ਖਿਡਾਈਏ।
ਤੇਜ਼ ਰਫ਼ਤਾਰੀ, ਬੜੀ ਹੈ ਮਾੜੀ,
ਇਸ ਤੋਂ ਬਚੀਏ ਅਤੇ ਬਚਾਈਏ,
ਬੱਤੀਆਂ, ਸਿਪਾਹੀ ਤੇ ਚਿੰਨ੍ਹਾਂ ਨੂੰ ਮੰਨ ਕੇ,
ਆਪਣਾ ਫਰਜ਼ ਨਿਭਾਈਏ।
ਬ੍ਰੇਕ, ਘੰਟੀ 'ਤੇ ਇੰਡੀਕੇਟਰ,
ਵਰਤੋਂ ਵਿੱਚ ਲਿਆਈਏ।
ਵਾਹਨ ਚਲਾਉਂਦੇ ਫੋਨ ਨਾ ਕਰੀਏ
ਨਾ ਉੱਚਾ ਸੰਗੀਤ ਵਜਾਈਏ।

**ਸੁਖਵਿੰਦਰ** — ਵਾਪਸ ਆ ਕੇ ਤੁਸੀਂ ਕੀ ਕੀਤਾ ?

**ਅਮਨ** — ਵਾਪਸ ਆ ਕੇ ਅਸੀਂ ਸਾਰਾਗੜ੍ਹੀ ਸਰ੍ਹਾਂ ਦੇ ਨੇੜੇ ਇੱਕ ਢਾਬੇ ਤੋਂ ਰੋਟੀ ਖਾਧੀ ਅਤੇ ਸਰਾਂ ਵਿੱਚ ਆ ਕੇ ਸੌਂ ਗਏ।

**ਸੁਖਵਿੰਦਰ** — ਤੁਸੀਂ ਵਾਪਸ ਕਿਵੇਂ ਆਏ ?

**ਅਮਨ** — ਅਗਲੇ ਦਿਨ ਸਵੇਰੇ ਅਸੀਂ ਸਰਾਂ ਤੋਂ ਸਟੇਸ਼ਨ ਤੱਕ ਵੈਨ ਕਿਰਾਏ ਤੇ ਲੈ ਲਈ। ਸਟੇਸ਼ਨ ਤੋਂ ਰੇਲਗੱਡੀ ਰਾਹੀਂ ਵਾਪਿਸ ਆ ਗਏ। ਸ੍ਰੀ ਅੰਮ੍ਰਿਤਸਰ ਸਾਹਿਬ ਦਾ ਟੂਰ ਬਹੁਤ ਹੀ ਵਧੀਆ ਅਤੇ ਜਾਣਕਾਰੀ ਭਰਪੂਰ ਸੀ।

**ਸੁਖਵਿੰਦਰ** — ਮੈਨੂੰ ਪੂਰੇ ਟੂਰ ਦਾ ਵੇਰਵਾ ਸੁਣ ਕੇ ਬਹੁਤ ਮਜ਼ਾ ਆਇਆ। ਇੰਝ ਲੱਗਿਆ ਮੈਂ ਵੀ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਆਇਆ ਹਾਂ।

**ਅਮਨ** — ਅੱਛਾ! ਹੁਣ ਮੈਂ ਚਲਦਾ ਹਾਂ, ਕੱਲ੍ਹ ਨੂੰ ਸਕੂਲ ਵਿੱਚ ਮਿਲਦੇ ਹਾਂ।



1. **ਖਾਲੀ ਥਾਵਾਂ ਭਰੋ—**

**(ਰੇਲ ਗੱਡੀ, ਝੰਡਾ, ਸ਼ਹੀਦਾਂ, ਵ੍ਹੀਲ ਚੇਅਰ)**

1. ਰੇਲਵੇ ਸਟੇਸ਼ਨ ਤੇ ਲੋੜਵੰਦਾਂ ਲਈ ........................ ਦਾ ਖਾਸ ਪ੍ਰਬੰਧ ਹੁੰਦਾ ਹੈ।
2. ਚੰਡੀਗੜ੍ਹ ਤੋਂ ਅੰਮ੍ਰਿਤਸਰ (ਵਾਇਆ ਮੋਹਾਲੀ) ਲਈ ........................ ਸਵੇਰੇ ਸੱਤ ਵਜੇ ਜਾਂਦੀ ਹੈ।
3. ਅਟਾਰੀ ਬਾਰਡਰ 'ਤੇ ਰੋਜ਼ ਸ਼ਾਮ ਨੂੰ ........................ ਉਤਾਰਣ ਦੀ ਰਸਮ ਹੁੰਦੀ ਹੈ।
4. ਜਲ੍ਹਿਆਂਵਾਲੇ ਬਾਗ ਦੀ ਯਾਦਗਾਰ ........................ ਦੀ ਯਾਦ ਵਿੱਚ ਬਣਾਈ ਗਈ ਹੈ।

**ਪ੍ਰਸ਼ਨ 2. ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਸਿੱਧ ਸੈਲਾਨੀ ਕੇਂਦਰਾਂ ਦੇ ਨਾਮ ਲਿਖੋ।**

................................................................................

................................................................................

**ਪ੍ਰਸ਼ਨ 3. ਇਲੈਕਟ੍ਰਿਕ ਰਿਕਸ਼ੇ ਕੀ ਹੁੰਦੇ ਹਨ ? ਇਨ੍ਹਾਂ ਦਾ ਕੀ ਫ਼ਾਇਦਾ ਹੈ ?**

................................................................................


................................................................................

**ਪ੍ਰਸ਼ਨ 4. ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੈਦਲ ਚਲਦੇ ਸਮੇਂ ਅਮਨ ਨੇ ਕੀ ਕੁੱਝ ਵੇਖਿਆ ?**


................................................................................


................................................................................

ਪ੍ਰਸ਼ਨ 5. ਹੇਠਾਂ ਕੁੱਝ ਚਿੱਤਰ ਦਿੱਤੇ ਗਏ ਹਨ ਆਪਣੇ ਵੱਡਿਆਂ ਜਾਂ ਅਧਿਆਪਕ ਦੀ ਮਦਦ ਨਾਲ ਉਨ੍ਹਾਂ ਦਾ ਨਾਮ ਲਿਖੋ ਅਤੇ ਰੰਗ ਭਰੋ—









6. ਹੇਠ ਲਿਖੀਆਂ ਬੁਝਾਰਤਾਂ ਨੂੰ ਬੁੱਝੋ ਅਤੇ ਚਿੱਤਰ ਨਾਲ ਮਿਲਾਨ ਕਰੋ—



ਚਿੱਤਰ

ਛੁੱਕ-ਛੁੱਕ ਦਾ ਰਾਗ ਸੁਣਾਉਂਦੀ
ਮਟਕ-ਮਟਕ ਇਹ ਤੁਰਦੀ ਜਾਂਦੀ

.............................




ਚਿੱਤਰ

ਉੱਚੇ ਅਸਮਾਨੀ ਉੱਡਦਾ ਜਾਵੇ
ਝੱਟ ਪਹੁੰਚਾਵੇ ਦੇਰ ਨਾ ਲਾਵੇ

.............................





ਚਿੱਤਰ

ਇਹ ਹੈ ਸਭ ਤੋਂ ਵਧੀਆ ਸਵਾਰੀ
ਘੱਟ ਪ੍ਰਦੂਸ਼ਨ ਦੂਰ ਬਿਮਾਰੀ

.............................

ਦਿਮਾਗੀ ਕਸਰਤ—





ਪਾਠ-16


# ਪੰਖੁੜੀ ਦਾ ਸੰਦੇਸ਼


ਪੰਖੁੜੀ ਸਾਡੇ ਘਰ ਵਿੱਚ ਸਭ ਤੋਂ ਹੁਸ਼ਿਆਰ ਅਤੇ ਹੋਣਹਾਰ ਕੁੜੀ ਹੈ। ਬਚਪਨ ਤੋਂ ਹੀ ਉਸਨੂੰ ਪੜ੍ਹਨ ਦਾ ਬਹੁਤ ਸ਼ੌਕ ਹੈ। ਕਾਲਜ ਦੀ ਪੜ੍ਹਾਈ ਕਰਨ ਤੋਂ ਬਾਅਦ ਉਹ ਦਿੱਲੀ ਚਲੀ ਗਈ ਜਿੱਥੇ ਉਹ ਟੈਲੀਕਾਮ ਕੰਪਨੀ ਵਿੱਚ ਮੈਨੇਜਰ ਹੈ। ਉਹ ਆਪਣੇ ਦਾਦਾ ਜੀ ਨਾਲ ਬਹੁਤ ਪਿਆਰ ਕਰਦੀ ਹੈ। ਦਿੱਲੀ ਰਹਿੰਦੀ ਹੋਈ ਵੀ ਉਹ ਸਾਡੇ ਸਾਰਿਆਂ ਨਾਲ ਲਗਾਤਾਰ ਸੰਪਰਕ ਵਿੱਚ ਰਹਿੰਦੀ ਹੈ। ਸਾਨੂੰ ਉਸਦੇ ਸੰਦੇਸ਼ ਮਿਲਦੇ ਰਹਿੰਦੇ ਹਨ।

ਬੱਚਿਓ, ਸੋਚੋ ਕਿ ਪੰਖੁੜੀ ਆਪਣੇ ਸੰਦੇਸ਼ ਕਿਵੇਂ ਘਰ ਤੱਕ ਪਹੁੰਚਾਉਂਦੀ ਹੋਵੇਗੀ ?

ਸਾਡੇ ਦਾਦਾ ਜੀ ਦੱਸਦੇ ਹੁੰਦੇ ਸਨ ਕਿ ਪੁਰਾਣੇ ਸਮਿਆਂ ਵਿੱਚ ਇੱਕ ਥਾਂ ਤੋਂ ਦੂਜੇ ਥਾਂ ਤੇ ਸੰਦੇਸ਼ ਭੇਜਣ ਲਈ "ਦੂਤ" ਭੇਜੇ ਜਾਂਦੇ ਸਨ ਜੋ ਆਉਣ-ਜਾਣ ਲਈ ਘੋੜਿਆਂ ਦਾ ਪ੍ਰਯੋਗ ਕਰਦੇ ਸਨ। ਪੰਛੀਆਂ ਰਾਹੀਂ ਵੀ ਸੰਦੇਸ਼ ਭੇਜਣ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਦਾਦਾ ਜੀ ਦੱਸਦੇ ਹਨ ਕਿ ਉਸ ਸਮੇਂ ਸੰਦੇਸ਼ ਭੇਜਣ ਲਈ ਮਹੀਨੇ ਲੱਗ ਜਾਂਦੇ ਸਨ ਪਰ ਉਸ ਪਿੱਛੋਂ ਸੁਨੇਹੇ ਭੇਜਣ ਦੇ ਢੰਗ ਤਰੀਕਿਆਂ ਵਿੱਚ ਹੋਰ ਬਦਲਾਅ ਆਏ ਅਤੇ ਸੁਨੇਹੇ ਸਾਡੇ ਤੱਕ ਚਿੱਠੀਆਂ ਰਾਹੀਂ ਭੇਜੇ ਜਾਣ ਲਗ ਪਏ। ਅੱਜ ਵੀ ਡਾਕੀਏ ਚਿੱਠੀਆਂ, ਪਾਰਸਲ, ਮਨੀਆਰਡਰ ਆਦਿ ਪਹੁੰਚਾਉਂਦੇ ਹਨ।

**ਕਿਰਿਆ-1** ਬੱਚਿਓ! ਡਾਕੀਏ ਕੋਲ ਕਈ ਤਰ੍ਹਾਂ ਦੀਆਂ ਚਿੱਠੀਆਂ ਹੁੰਦੀਆਂ ਹਨ। ਅਧਿਆਪਕ ਦੀ ਮੱਦਦ ਨਾਲ ਚਿੱਤਰਾਂ ਵਿੱਚ ਚਿੱਠੀਆਂ ਦੇ ਨਾਮ ਖਾਲੀ ਥਾਂ ਵਿੱਚ ਭਰੋ ?







1. ..........................

2. ..........................






3. ..........................  4. ..........................

**ਸੰਚਾਰ ਤੋਂ ਭਾਵ ਹੈ ਕਿ ਸੰਦੇਸ਼ ਭੇਜਣਾ ਅਤੇ ਪ੍ਰਾਪਤ ਕਰਨਾ।** ਸੰਚਾਰ ਸਾਧਨਾਂ ਵਿੱਚ ਉੱਨਤੀ ਮਨੁੱਖ ਲਈ ਬਹੁਤ ਮਹੱਤਵਪੂਰਨ ਹੈ। ਇਹ ਸੰਸਾਰ ਦੇ ਇੱਕ ਦੇਸ਼ ਦੇ ਲੋਕਾਂ ਨੂੰ ਦੂਸਰੇ ਲੋਕਾਂ ਨਾਲ ਜੋੜਦਾ ਹੈ। ਅੱਜ ਮਨੁੱਖ ਤਰੱਕੀ ਵੱਲ ਵੱਧ ਰਿਹਾ ਹੈ। ਇਸਦਾ ਮੁੱਖ ਸਿਹਰਾ ਸੰਚਾਰ ਦੇ ਆਧੁਨਿਕ ਸਾਧਨਾਂ ਨੂੰ ਜਾਂਦਾ ਹੈ।

**ਕਿਰਿਆ-2** ਹੇਠ ਦਰਸਾਏ ਗਏ ਸੰਚਾਰ ਸਾਧਨਾਂ ਨੂੰ ਪਹਿਚਾਣੋ ਅਤੇ ਚਿੱਤਰ ਸਾਹਮਣੇ ਉਸ ਦਾ ਨਾਮ ਲਿਖੋ—







1. ..........................  2. ..........................  3. ..........................

ਅਜਿਹੇ ਸਾਧਨ ਜਿਹੜੇ ਇੱਕੋ ਸਮੇਂ ਹੀ ਲੱਖਾਂ ਲੋਕਾਂ ਤੱਕ ਸੂਚਨਾ ਪਹੁੰਚਾ ਸਕਦੇ ਹਨ। ਇਨ੍ਹਾਂ ਨੂੰ **ਲੋਕਸੰਚਾਰ ਦੇ ਸਾਧਨ** ਆਖਿਆ ਜਾਂਦਾ ਹੈ। ਜਿਵੇਂ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਰਸਾਲੇ, ਉਪਗ੍ਰਹਿ ਆਦਿ।

ਪੰਖੁੜੀ ਦੁਆਰਾ ਸਾਡੇ ਕੋਲ ਸੰਦੇਸ਼ ਪਹੁੰਚਾਉਣ ਲਈ ਕਈ ਤਰੀਕੇ ਵਰਤੇ ਜਾਂਦੇ ਹਨ, ਕੀ ਤੁਸੀਂ ਬੁੱਝ ਸਕਦੇ ਹੋ ?

ਹੇਠਾਂ ਖਾਲੀ ਥਾਂ ਵਿੱਚ ਉਸ ਸਾਧਨ ਦਾ ਨਾਂ ਭਰੋ।

ਮੈਨੂੰ .................... ਕਹਿੰਦੇ ਹਨ। ਮੇਰੇ ਰਾਹੀਂ ਦੁਨੀਆਂ ਦੇ ਕੋਨੇ ਕੋਨੇ ਵਿੱਚ ਸੁਨੇਹੇ ਤੁਰੰਤ ਹੀ ਪਹੁੰਚ ਜਾਂਦੇ ਹਨ। ਮੇਰੇ ਰਾਹੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਜਦੋਂ ਕਿ ਚਿੱਠੀ ਦੁਆਰਾ ਸੀਮਿਤ ਗੱਲਬਾਤ ਕੀਤੀ ਜਾਂਦੀ ਹੈ। ਹੁਣ ਮੇਰੀ ਵਰਤੋਂ ਵੀ ਘਟਦੀ ਜਾਂਦੀ ਹੈ।



ਮੈਨੂੰ .................... ਕਹਿੰਦੇ ਹਨ, ਮੇਰੇ ਰਾਹੀਂ ਜਦੋਂ ਚਾਹੋ-ਜਿੱਥੇ ਚਾਹੋ ਗੱਲਬਾਤ ਕੀਤੀ ਜਾ ਸਕਦੀ ਹੈ। ਮੈਂ ਲਿਖਤੀ ਚਿੱਠੀ ਵੀ ਤੁਰੰਤ ਭੇਜ ਦਿੰਦਾ ਹਾਂ। ਚਿੱਠੀ ਲਿਖਣ ਲਈ ਕਿਸੇ ਕਾਗਜ਼ ਜਾਂ ਪੈੱਨ ਦੀ ਲੋੜ ਵੀ ਨਹੀਂ ਹੁੰਦੀ। ਲੋਕ ਅਕਸਰ ਮੈਨੂੰ ਆਪਣੀ ਜ਼ੇਬ ਵਿੱਚ ਰੱਖਦੇ ਹਨ।




ਮੈਨੂੰ.................... ਕਹਿੰਦੇ ਹਨ। ਮੇਰੇ ਰਾਹੀਂ ਲਿਖੇ ਹੋਏ ਪੱਤਰਾਂ ਦੀ ਨਕਲ ਦੂਸਰੇ ਪਾਸੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ।



ਮੈਂ .................... ਹਾਂ। ਮੈਨੂੰ ਲਿਖਣ ਲਈ ਕਿਸੇ ਕਾਗਜ ਜਾਂ ਪੈੱਨ ਦੀ ਲੋੜ ਨਹੀਂ ਹੁੰਦੀ। ਅੱਜ ਕੱਲ੍ਹ ਤੁਹਾਡੇ ਸਕੂਲਾਂ ਵਿੱਚ ਸੁਨੇਹੇ ਮੇਰੇ ਰਾਹੀਂ ਤੁਰੰਤ ਪਹੁੰਚ ਜਾਂਦੇ ਹਨ। ਮੇਰਾ ਪੂਰਾ ਨਾਮ ਇਲੈਕਟ੍ਰੋਨਿਕ ਮੇਲ ਹੈ ਜਿਸਨੂੰ ਈਮੇਲ ਵੀ ਕਿਹਾ ਜਾਂਦਾ ਹੈ। ਮੈਨੂੰ ਕੰਪਿਊਟਰ ਰਾਹੀਂ ਭੇਜਿਆ ਜਾਂਦਾ ਹੈ।




ਮੈ.................... ਹਾਂ। ਮੇਰੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ। ਪੁਰਾਣੇ ਸਮੇਂ ਵਿੱਚ ਮੈਨੂੰ ਜ਼ਰੂਰੀ ਖਬਰਾਂ ਜਲਦੀ ਪੰਹੁਚਾਉਣ ਲਈ ਵਰਤਿਆ ਜਾਂਦਾ ਸੀ। ਪਿੰਡਾਂ ਵਿੱਚ ਤਾਰ ਦੇ ਪ੍ਰਾਪਤ ਹੋਣ ਨੂੰ ਅਕਸਰ ਮਾੜੀ ਖਬਰ ਦਾ ਸੁਨੇਹਾ ਮੰਨਦੇ ਸਨ।



POST OFFICE TELEGRAM

33 11.8 RUISLIP TS 32

FRIPP BERCOS EASTBORO WIMBORNE-DORSET =

UNCONFIRMED REPORT BY GERMAN PILOT STATES YOUR SON 565033 FRIPP LANDED BY PARACHUTE ON GERMAN TERRITORY STOP TAKEN PRISONER STOP CONFIRMATION WILL BE FORWARDED WHEN RECEIVED = RECORDS RUISLIP ++

565033 ++++

ਬੱਚਿਓ! ਮੋਬਾਇਲ ਫ਼ੋਨ ਰਾਹੀਂ ਦੁਨੀਆਂ ਦੇ ਕਿਸੇ ਵੀ ਭਾਗ ਵਿੱਚ ਰਹਿ ਰਹੇ ਵਿਅਕਤੀ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ। ਅੱਜਕੱਲ੍ਹ ਮੋਬਾਈਲ ਫ਼ੋਨ ਜ਼ਿਆਦਾ ਪ੍ਰਚੱਲਿਤ ਹੋ ਗਏ ਹਨ ਪਰ ਸਕੂਟਰ, ਮੋਟਰ ਸਾਇਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਤੇ ਗੱਲ ਕਰਨਾ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਕਾਰਨ ਕਈ ਦੁਰਘਟਨਾਵਾਂ ਵੀ ਹੋ ਸਕਦੀਆਂ ਹਨ। ਟੈਲੀਵਿਜ਼ਨ ਦਾ ਵੀ ਲੋਕਾਂ ਤੇ ਬਹੁਤ ਡੂੰਘਾ ਪ੍ਰਭਾਵ ਹੈ। ਪਰ ਬੱਚਿਓ ਰੋਜ਼ਾਨਾ ਲਗਾਤਾਰ ਟੀ.ਵੀ ਦੇਖਣ ਅਤੇ ਗੇਮਾਂ ਖੇਡਣ ਨਾਲ ਸਾਡੀਆਂ ਅੱਖਾਂ ਵੀ ਖ਼ਰਾਬ ਹੋ ਸਕਦੀਆਂ ਹਨ ਅਤੇ ਇਸਦਾ ਸਾਡੀ ਮਾਨਸਿਕ ਸਿਹਤ ਉੱਪਰ ਵੀ ਮਾੜਾ ਅਸਰ ਪੈਂਦਾ ਹੈ।

ਪੰਖੜੀ ਨੇ ਮੈਨੂੰ ਦੱਸਿਆ ਸੀ ਕਿ ਸੰਚਾਰ ਦੇ ਇਨ੍ਹਾਂ ਤੇਜ਼ ਸਾਧਨਾਂ ਨੇ ਸਾਡੇ ਰਹਿਣ ਸਹਿਣ ਵਿੱਚ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ। ਅਸੀਂ ਪਲ ਭਰ ਵਿੱਚ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਰਹਿ ਰਹੇ ਕਿਸੇ ਵੀ ਵਿਅਕਤੀ ਨਾਲ ਸੰਪਰਕ ਕਰ ਸਕਦੇ ਹਾਂ। ਸਾਨੂੰ ਦੇਸ਼ ਦੇ ਵਿਕਾਸ ਲਈ ਇਨ੍ਹਾਂ ਸਾਧਨਾਂ ਦੀ ਢੁੱਕਵੀਂ ਵਰਤੋਂ ਕਰਨੀ ਚਾਹੀਦੀ ਹੈ।



## ਯਾਦ ਰੱਖਣ ਯੋਗ ਗੱਲਾਂ

- ਕਿਰਨ ਦਾ ਪਰਿਵਾਰ ਛੋਟਾ ਪਰਿਵਾਰ ਹੈ।
- ਪੁਰਾਣੇ ਸਮਿਆਂ ਵਿੱਚ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਸੰਦੇਸ਼ ਭੇਜਣ ਲਈ "ਦੂਤ" ਜਾਂਦੇ ਸਨ ਜੋ ਆਉਣ-ਜਾਣ ਲਈ ਘੋੜਿਆਂ ਦਾ ਪ੍ਰਯੋਗ ਕਰਦੇ ਸਨ।
- ਡਾਕੀਏ ਚਿੱਠੀਆਂ, ਪਾਰਸਲ, ਮਨੀਆਰਡਰ ਆਦਿ ਪਹੁੰਚਾਉਂਦੇ ਹਨ।
- ਸੰਚਾਰ ਤੋਂ ਭਾਵ ਹੈ ਸੰਦੇਸ਼ ਭੇਜਣਾ ਅਤੇ ਪ੍ਰਾਪਤ ਕਰਨਾ।
- ਅਜਿਹੇ ਸਾਧਨ ਜਿਹੜੇ ਇੱਕੋ ਸਮੇਂ ਹੀ ਲੱਖਾਂ ਲੋਕਾਂ ਤੱਕ ਪਹੁੰਚ ਸਕਦੇ ਹਨ। ਇਨ੍ਹਾਂ ਨੂੰ ਲੋਕਸੰਚਾਰ ਦੇ ਸਾਧਨ ਆਖਿਆ ਜਾਂਦਾ ਹੈ ਜਿਵੇਂ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਰਸਾਲੇ, ਉਪਗ੍ਰਹਿ ਆਦਿ।
- ਟੈਲੀਗ੍ਰਾਮ ਦੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ।
- ਸਕੂਟਰ, ਮੋਟਰ ਸਾਈਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਤੇ ਗੱਲ ਕਰਨਾ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਕਾਰਨ ਕਈ ਦੁਰਘਟਨਾਵਾਂ ਵੀ ਹੋ ਸਕਦੀਆਂ ਹਨ।



1. **ਖਾਲੀ ਥਾਂਵਾਂ ਭਰੋ—**

**(ਫੈਕਸ, ਟੈਲੀਗ੍ਰਾਮ (ਤਾਰ), ਦੂਤ, ਖਤਰਨਾਕ)**

(ੳ) ਪੁਰਾਣੇ ਸਮਿਆਂ ਵਿੱਚ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਸੰਦੇਸ਼ ਭੇਜਣ ਲਈ ...................... ਭੇਜੇ ਜਾਂਦੇ ਸਨ।

(ਅ) ਪਿੰਡਾਂ ਵਿੱਚ ...................... ਦਾ ਪ੍ਰਾਪਤ ਹੋਣਾ ਮਾੜੀ ਖ਼ਬਰ ਦਾ ਸੁਨੇਹਾ ਮੰਨਿਆ ਜਾਂਦਾ ਸੀ।

(ੲ) ...................... ਰਾਹੀਂ ਲਿਖੇ ਹੋਏ ਪੱਤਰਾਂ ਦੀ ਨਕਲ ਦੂਸਰੇ ਪਾਸੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ।

(ਸ) ਸਕੂਟਰ, ਮੋਟਰ ਸਾਈਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਤੇ ਗੱਲ ਕਰਨਾ ...................... ਸਿੱਧ ਹੋ ਸਕਦਾ ਹੈ।

2. **ਸਹੀ (✓) ਜਾਂ ਗਲਤ (×) ਦਾ ਨਿਸ਼ਾਨ ਲਗਾਉ।**

(ੳ) ਲੋਕ ਅਕਸਰ ਮੋਬਾਈਲ ਫ਼ੋਨ ਨੂੰ ਜੇਬ ਵਿੱਚ ਰੱਖਦੇ ਹਨ। ☐

(ਅ) ਉਪਗ੍ਰਹਿ ਇੱਕ ਸੰਚਾਰ ਸਾਧਨ ਨਹੀਂ ਹੈ। ☐


(ੲ) ਡਾਕੀਆ ਚਿੱਠੀਆਂ ਪਹੁੰਚਾਉਣ ਦਾ ਕੰਮ ਕਰਦਾ ਹੈ। ☐


3. **ਸੰਚਾਰ ਤੋਂ ਕੀ ਭਾਵ ਹੈ ?**

4. **ਲੋਕਸੰਚਾਰ ਸਾਧਨਾਂ ਦੀਆਂ ਕੁੱਝ ਉਦਾਹਰਨਾਂ ਦਿਉ।**

5. **ਈ-ਮੇਲ ਤੋਂ ਕੀ ਭਾਵ ਹੈ ? ਇਹ ਕਿਸ ਤਰ੍ਹਾਂ ਸੰਦੇਸ਼ ਦਾ ਸੰਚਾਰ ਕਰਦੀ ਹੈ ?**

## 6. ਦਿਮਾਗੀ ਕਸਰਤ




*****



ਪਾਠ-17

# ਫੁੱਲਾਂ ਵਾਲੀ ਫ਼ਰਾਕ

ਸਤਵੀਰ ਅਤੇ ਮਨਦੀਪ ਦੋਵੇਂ ਸਕੇ ਭੈਣ ਭਰਾ ਹਨ। ਅੱਜ ਰੱਖੜੀ ਦਾ ਤਿਉਹਾਰ ਹੋਣ ਕਰਕੇ ਸਤਵੀਰ ਅਤੇ ਮਨਦੀਪ ਨੂੰ ਉਨ੍ਹਾਂ ਦੀ ਦਾਦੀ ਨੇ ਸਵੇਰੇ ਹੀ ਨੁਹਾ ਦਿੱਤਾ ਅਤੇ ਨਵੇਂ ਕੱਪੜੇ ਪਹਿਨਾ ਦਿੱਤੇ। ਦੋਵੇਂ ਬਹੁਤ ਸੋਹਣੇ ਲੱਗ ਰਹੇ ਸਨ। ਸਤਵੀਰ ਨੇ ਮਨਦੀਪ ਦੇ ਗੁੱਟ ਉੱਤੇ ਰੱਖੜੀ ਬੰਨ੍ਹ ਦਿੱਤੀ ਤੇ ਲੱਡੂ ਖੁਆ ਕੇ ਮੂੰਹ ਮਿੱਠਾ ਕਰਵਾ ਦਿੱਤਾ।

"ਸਾਡਾ ਤੋਹਫ਼ਾ" ਮਨਦੀਪ ਨੇ ਸਭ ਵੱਲ ਵੇਖਦਿਆਂ ਕਿਹਾ। ਉਨ੍ਹਾਂ ਦੇ ਦਾਦਾ ਜੀ ਨੇ ਦੋਵਾਂ ਨੂੰ ਹੀ ਰੰਗ ਬਰੰਗੇ ਕਾਗਜ਼ ਵਿੱਚ ਲਪੇਟਿਆ ਇੱਕ-ਇੱਕ ਡੱਬਾ ਦੇ ਦਿੱਤਾ। ਮਨਦੀਪ ਨੇ ਸਤਵੀਰ ਤੋਂ ਪਹਿਲਾਂ ਹੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿੱਚੋਂ ਇੱਕ ਕੱਪੜਾ ਨਿਕਲਿਆ।

"ਦਾਦਾ ਜੀ, ਇਸਦਾ ਮੈਂ ਕੀ ਕਰਾਂ ?" ਮਨਦੀਪ ਨੇ ਪੁੱਛਿਆ।



"ਬੇਟਾ, ਇਹ ਤੁਹਾਡੇ ਬੰਨ੍ਹਣ ਲਈ ਪੱਗ ਹੈ" ਦਾਦਾ ਜੀ ਨੇ ਜਵਾਬ ਦਿੱਤਾ।

ਉਨ੍ਹਾਂ ਦੇ ਪਾਪਾ ਨੂੰ ਕੁਝ ਨਵਾਂ ਸੁੱਝਿਆ। ਉਨ੍ਹਾਂ ਨੇ ਦੋਵਾਂ ਬੱਚਿਆਂ ਨੂੰ ਆਪਣੇ ਕੋਲ ਬੁਲਾਇਆ ਅਤੇ ਇਸ ਅਣਸੀਤੇ ਕੱਪੜੇ ਨੂੰ ਕਈ ਤਰ੍ਹਾਂ ਨਾਲ ਪਹਿਨਣਾ ਸਿਖਾਇਆ।

ਤਸਵੀਰਾਂ ਪਹਿਚਾਣੋ ਅਤੇ ਲਿਖੋ ਕਿ ਬੱਚਿਆਂ ਨੇ ਇਸ ਕੱਪੜੇ ਨੂੰ ਕਿਵੇਂ-ਕਿਵੇਂ ਪਹਿਨਿਆ ਹੈ ?







1. .......................... 2. .......................... 3. ..........................

## ਅਣਸੀਤਾ ਕੱਪੜਾ ਪਹਿਨਣ ਦੇ ਵੱਖ-ਵੱਖ ਤਰੀਕੇ

ਹੇਠਾਂ ਦਿੱਤੇ ਚਿੱਤਰ ਵਿੱਚ ਅਣਸੀਤੇ ਕੱਪੜਿਆਂ ਨੂੰ ਵੱਖ-ਵੱਖ ਢੰਗ ਨਾਲ ਲੱਕ ਦੁਆਲੇ ਬੰਨ੍ਹਿਆ ਗਿਆ ਹੈ। ਅਧਿਆਪਕ ਦੀ ਮਦਦ ਨਾਲ ਪਹਿਚਾਣੋ ਕਿ ਇਸ ਤਰੀਕੇ ਨਾਲ ਬੰਨ੍ਹੇ ਗਏ ਕੱਪੜੇ ਨੂੰ ਕੀ ਕਹਿੰਦੇ ਹਨ।

**ਚਿੱਤਰ ਨੂੰ ਦੇਖ ਕੇ ਪਹਿਚਾਣੋ ਅਤੇ ਖਾਲੀ ਸਥਾਨ ਵਿੱਚ ਸਹੀ ਉੱਤਰ ਲਿਖੋ**





1. .......................... 2. ..........................

ਸਤਵੀਰ ਨੇ ਵੀ ਆਪਣਾ ਡੱਬਾ ਖੋਲ੍ਹ ਲਿਆ। ਉਸ ਵਿੱਚੋਂ ਫ਼ਰਾਕ ਨਿਕਲੀ। ਫ਼ਰਾਕ ਉੱਪਰ ਫੁੱਲਾਂ ਵਾਲਾ ਬੜਾ ਸੋਹਣਾ ਨਮੂਨਾ ਸੀ। ਮਨਦੀਪ ਬੜਾ ਹੈਰਾਨ ਸੀ। ਉਸਨੇ ਆਪਣੇ ਪਾਪਾ ਨੂੰ ਪੁੱਛਿਆ, "ਪਾਪਾ ਫ਼ਰਾਕ ਉੱਪਰ ਫੁੱਲ ਕਿਸਨੇ ਬਣਾਏ ਹਨ ?"

ਪਿਤਾ ਜੀ ਨੇ ਦੱਸਿਆ ਕਿ ਕੱਪੜੇ ਉੱਪਰ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਕਾਰਖਾਨਿਆਂ (ਕੱਪੜਿਆਂ ਦੀਆਂ ਮਿੱਲ਼ਾਂ) ਵਿੱਚ ਵੱਡੀਆਂ-ਵੱਡੀਆਂ ਮਸ਼ੀਨਾਂ ਦੀ ਮਦਦ ਲਈ


ਜਾਂਦੀ ਹੈ। ਕੁਝ ਲੋਕ ਘਰਾਂ ਵਿੱਚ ਵੀ ਨਮੂਨੇ ਬਣਾਉਣ ਦਾ ਕੰਮ ਕਰਦੇ ਹਨ। ਨਮੂਨੇ ਬਣਾਉਣ ਲਈ ਲੱਕੜ ਦੇ ਠੱਪੇ ਵਰਤੇ ਜਾਂਦੇ ਹਨ। ਕਾਰੀਗਰ ਇੱਕ ਰੰਗ ਵਿੱਚ ਦੂਜਾ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਦੇ ਹਨ। ਅਜਿਹੇ ਰੰਗ ਕਰਨ ਜਾਂ ਨਮੂਨੇ ਬਣਾਉਣ ਵਾਲਿਆਂ ਨੂੰ **ਲਲਾਰੀ** ਜਾਂ ਕੱਪੜਾ ਠੇਕਣ ਵਾਲੇ ਵੀ ਕਿਹਾ ਜਾਂਦਾ ਹੈ।




ਡਿਜ਼ਾਇਨ ਤਿਆਰ ਕਰਨ ਲਈ ਵਰਤੇ ਜਾਂਦੇ ਲੱਕੜੀ ਦੇ ਠੱਪੇ

ਮਨਦੀਪ ਦੇ ਪਿਤਾ ਜੀ ਉਨ੍ਹਾਂ ਨੂੰ ਨੇੜੇ ਰਹਿੰਦੇ ਇੱਕ ਲਲਾਰੀ ਦੇ ਘਰ ਲੈ ਗਏ। ਲਲਾਰੀ ਚੁੰਨੀਆਂ ਅਤੇ ਸੂਟਾਂ ਨੂੰ ਰੰਗ ਬਿਰੰਗੇ ਪਾਣੀ ਦੇ ਘੋਲਾਂ ਵਿਚੋਂ ਕੱਢ ਰਿਹਾ ਸੀ। ਬੱਚਿਆਂ ਦਾ ਮਨ ਰੰਗਾਂ ਦੀ ਨਵੀਂ ਦੁਨੀਆਂ ਵੇਖ ਕੇ ਖੁਸ਼ ਹੋ ਗਿਆ।

**ਕਿਰਿਆ-1** ਕਾਗਜ਼ 'ਤੇ ਅਲੱਗ-ਅਲੱਗ ਰੰਗਾਂ ਦੀਆਂ ਬੂੰਦਾਂ ਲਗਾ ਕੇ ਉਸਨੂੰ ਤਹਿ ਕੀਤਾ ਜਾਵੇ ਤਾਂ ਤਹਿ ਖੋਲ੍ਹਣ ਤੇ ਕਈ ਤਰ੍ਹਾਂ ਦੇ ਰੰਗ ਬਿਰੰਗੇ ਨਮੂਨੇ ਪ੍ਰਾਪਤ ਹੁੰਦੇ ਹਨ। ਹੇਠਾਂ ਦਿੱਤੀ ਤਸਵੀਰ ਵੇਖ ਕੇ ਤੁਸੀਂ ਆਪ ਇਸ ਤਰ੍ਹਾਂ ਦੇ ਨਮੂਨੇ ਤਿਆਰ ਕਰੋ।



**ਕਿਰਿਆ-2** ਦਿੱਤੇ ਹੋਏ ਚਿੱਤਰ ਵਿੱਚ ਪਹਿਲੇ ਦੋਵੇਂ ਤਾਰਿਆਂ ਵਿੱਚ ਮਨਪਸੰਦ ਰੰਗ ਭਰੋ, ਫਿਰ ਤੀਸਰੇ ਤਾਰੇ ਵਿੱਚ ਦੋਵੇਂ ਰੰਗ ਮਿਲਾ ਕੇ ਨਵਾਂ ਰੰਗ ਤਿਆਰ ਕਰਕੇ ਭਰੋ।



**1. ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਓ—**

ਪੱਗ ਸਰੀਰ ਦੇ ਕਿਹੜੇ ਹਿੱਸੇ ਤੇ ਪਹਿਨੀ ਜਾਂਦੀ ਹੈ ?

ਸਿਰ ☐ ਹੱਥ ☐

ਗਰਦਨ ☐ ਮੋਢਾ ☐

ਫ਼ਰਾਕ ਕੌਣ ਪਹਿਨਦਾ ਹੈ ?

ਮਰਦ ☐ ਔਰਤ ☐

ਲੜਕਾ ☐ ਲੜਕੀ ☐

ਭਰਾ ਦੇ ਰੱਖੜੀ ਕੌਣ ਬੰਨ੍ਹਦਾ ਹੈ ?

ਮੰਮੀ ☐ ਭੂਆ ☐

ਭੈਣ ☐ ਚਾਚੀ ☐

ਪਿਆਰ ਨਾਲ ਦਿੱਤੀ ਭੇਟ ਨੂੰ ਕੀ ਆਖਦੇ ਹਨ ?

| | | | |
|---|---|---|---|
| ਤੋਹਫ਼ਾ | ☐ | ਇਨਾਮ | ☐ |
| ਚੀਜ਼ | ☐ | ਉਧਾਰ | ☐ |

ਲਲਾਰੀ ਨੇ ਕਈ ਚੁੰਨੀਆਂ ਨੂੰ ਥਾਂ-ਥਾਂ ਤੇ ਗੰਢਾਂ ਮਾਰੀਆਂ ਹੋਈਆਂ ਸਨ। ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਤਿਆਰ ਕੀਤੇ ਰੰਗਾਂ ਨਾਲ ਚੁੰਨੀਆਂ ਨੂੰ ਰੰਗਿਆ। ਰੰਗਣ ਤੋਂ ਬਾਅਦ ਉਹ ਚੁੰਨੀਆਂ ਨੂੰ ਨਮਕ ਵਾਲੇ ਪਾਣੀ ਵਿੱਚ ਡੋਬ ਦਿੰਦਾ। ਉਸਨੇ ਦੱਸਿਆ ਕਿ ਇਸ ਤਰ੍ਹਾਂ ਕਰਨ ਨਾਲ ਰੰਗ ਪੱਕੇ ਹੋ ਜਾਂਦੇ ਹਨ। ਸਿੱਧੀ ਧੁੱਪ ਵਿੱਚ ਸੁਕਾਉਣ ਨਾਲ ਕੱਪੜਿਆਂ ਦਾ ਰੰਗ ਉੱਡ ਜਾਂਦਾ ਹੈ। ਮਨਦੀਪ ਨੇ ਲਲਾਰੀ ਨੂੰ ਚੁੰਨੀ ਦੀਆਂ ਗੰਢਾਂ ਖੋਲ੍ਹਣ ਲਈ ਕਿਹਾ। ਗੰਢਾਂ ਅਤੇ ਤਹਿਆਂ ਖੋਲ੍ਹਣ ਨਾਲ ਚੁੰਨੀਆਂ ਉੱਪਰ ਰੰਗ ਬਰੰਗੇ ਸੋਹਣੇ ਸੋਹਣੇ ਨਮੂਨੇ ਤਿਆਰ ਹੋ ਗਏ। ਲਲਾਰੀ ਨੇ ਬੱਚਿਆਂ ਨੂੰ ਕੱਪੜਿਆਂ ਉੱਤੇ ਨਮੂਨੇ ਬਣਾਉਣ ਲਈ ਵਰਤੇ ਜਾਂਦੇ ਲੱਕੜ ਦੇ ਠੱਪੇ ਵੀ ਵਿਖਾਏ।







ਬੱਚਿਆਂ ਨੂੰ ਲਲਾਰੀ ਦੇ ਘਰ ਬਹੁਤ ਕੁੱਝ ਨਵਾਂ ਸਿੱਖਣ ਨੂੰ ਮਿਲਿਆ। ਘਰ ਵਾਪਸ ਆ ਕੇ ਮਨਦੀਪ ਜ਼ਿਦ ਕਰਨ ਲੱਗਾ,“ ਮੈਂ ਵੀ ਲੱਕੜ ਦੇ ਠੱਪੇ ਨਾਲ ਨਮੂਨੇ ਬਣਾਉਣੇ ਹਨ।”

ਉਸਦੀ ਮੰਮੀ ਨੇ ਕਿਹਾ, “ਬੇਟਾ! ਆਪਣੇ ਘਰ ਲੱਕੜ ਦੇ ਠੱਪੇ ਨਹੀਂ ਹਨ।”

ਮਨਦੀਪ ਦੀ ਦਾਦੀ ਨੇ ਉਸਨੂੰ ਵੱਖ-ਵੱਖ ਸਬਜ਼ੀਆਂ ਜਿਵੇਂ ਆਲੂ ਅਤੇ ਭਿੰਡੀ ਕੱਟ ਕੇ ਠੱਪੇ ਬਣਾ ਕੇ ਦਿੱਤੇ। ਇਨ੍ਹਾਂ ਠੱਪਿਆਂ ਨਾਲ ਬੱਚਿਆਂ ਨੇ ਸਾਫ਼ ਕਾਗਜ਼ ਤੇ ਚਿੱਤਰ ਤਿਆਰ ਕੀਤਾ।



ਆਲੂ ਨਾਲ ਤਿਆਰ ਕੀਤਾ ਗਿਆ ਨਮੂਨਾ



ਭਿੰਡੀ ਦੇ ਠੱਪੇ ਨਾਲ ਤਿਆਰ ਕੀਤਾ ਗਿਆ ਨਮੂਨਾ

**ਕਿਰਿਆ-3 :** ਤੁਸੀਂ ਵੀ ਅਜਿਹਾ ਕਰ ਸਕਦੇ ਹੋ।



1. ਆਪਣੇ ਮਨਪਸੰਦ ਰੰਗ ਲਵੋ ਅਤੇ ਅਲੱਗ-ਅਲੱਗ ਰੰਗਾਂ ਨੂੰ ਮਿਲਾ ਕੇ ਨਵੇਂ ਰੰਗ ਤਿਆਰ ਕਰੋ।
2. ਆਲੂ ਨੂੰ ਚਿੱਤਰ ਵਿੱਚ ਦੱਸੇ ਅਨੁਸਾਰ ਕੱਟ ਲਵੋ। ਤੁਸੀਂ ਆਪਣੀ ਮਰਜ਼ੀ ਦਾ ਡਿਜ਼ਾਇਨ ਵੀ ਬਣਾ ਸਕਦੇ ਹੋ।
3. ਸਾਫ਼ ਕੱਪੜੇ ਉੱਪਰ ਆਲੂ ਦੇ ਠੱਪੇ ਅਤੇ ਰੰਗ ਦੀ ਮਦਦ ਨਾਲ ਚਿੱਤਰ ਬਣਾਓ।
4. ਇਸੇ ਤਰ੍ਹਾਂ ਭਿੰਡੀ, ਸ਼ਿਮਲਾ ਮਿਰਚ ਅਤੇ ਪਿਆਜ਼ ਦੀ ਮਦਦ ਵੀ ਲਈ ਜਾ ਸਕਦੀ ਹੈ।

ਮਨਦੀਪ ਦੁਆਰਾ ਬਣਾਏ ਚਿੱਤਰ ਉੱਪਰ ਅਚਾਨਕ ਸਤਵੀਰ ਤੋਂ ਪਾਣੀ ਡੁੱਲ ਗਿਆ। ਕੁਝ ਥਾਵਾਂ ਤੋਂ ਰੰਗ ਉੱਤਰ ਗਿਆ। ਮਨਦੀਪ ਰੋਣ ਲੱਗ ਪਿਆ। ਉਸਦੀ ਦਾਦੀ ਨੇ ਚੁੱਪ ਕਰਾਉਂਦੇ ਹੋਏ ਮਨਦੀਪ ਨੂੰ ਦੱਸਿਆ ਕਿ ਕੁਝ ਰੰਗ ਕੱਚੇ ਹੋਣ ਕਰਕੇ ਉਤਰ ਜਾਂਦੇ ਹਨ। ਰੰਗ ਉਤਰ ਜਾਣ ਤੋਂ ਬਾਅਦ ਕੱਪੜੇ ਵੀ ਭੱਦੇ ਦਿਸਣ ਲੱਗ ਜਾਂਦੇ ਹਨ। ਪ੍ਰੰਤੂ ਪੱਕੇ ਰੰਗ ਖਰਾਬ ਨਹੀਂ ਹੁੰਦੇ। ਨਾਲ ਹੀ ਦਾਦੀ ਮਾਂ ਨੇ ਗੱਲ ਜੋੜਦਿਆਂ ਕਿਹਾ ਕਿ ਕੱਪੜਿਆਂ ਨੂੰ ਲੰਬੇ ਸਮੇਂ ਤੱਕ ਸੁੰਦਰ ਅਤੇ ਟਿਕਾਊ ਰੱਖਣ ਲਈ ਉਨ੍ਹਾਂ ਦੀ ਸਾਂਭ ਸੰਭਾਲ ਕਰਨੀ ਵੀ ਬੜੀ ਜ਼ਰੂਰੀ ਹੈ। ਮੈਲੇ ਕੱਪੜਿਆਂ ਨੂੰ ਧੋ ਕੇ, ਧੁੱਪ ਵਿੱਚ ਸੁਕਾ ਕੇ, ਪ੍ਰੈੱਸ ਕਰਕੇ, ਤਹਿ ਲਗਾ ਕੇ, ਟਰੰਕਾਂ ਜਾਂ ਅਲਮਾਰੀਆਂ ਵਿੱਚ ਰੱਖਣਾ ਚਾਹੀਦਾ ਹੈ। ਇਨ੍ਹਾਂ ਨੂੰ ਕੀੜਿਆਂ ਅਤੇ ਟਿੱਡੀਆਂ ਤੋਂ ਬਚਾਉਣ ਲਈ ਟਰੰਕਾਂ ਅਤੇ ਅਲਮਾਰੀਆਂ ਵਿੱਚ ਨਿੰਮ ਦੇ ਪੱਤਿਆਂ ਨੂੰ ਸੁਕਾ ਕੇ ਜਾਂ ਕੱਪੜੇ ਵਿੱਚ ਮੁਸ਼ਕ ਕਪੂਰ ਦੀਆਂ ਗੋਲੀਆਂ ਬੰਨ੍ਹ ਕੇ ਰੱਖਿਆ ਜਾਂਦਾ ਹੈ। ਬੱਚਿਆਂ ਨੂੰ ਇੰਝ ਜਾਪਿਆ ਜਿਵੇਂ ਖੇਡ-ਖੇਡ ਵਿੱਚ ਉਹ ਇੱਕ ਨਵੀਂ ਦੁਨੀਆਂ ਘੁੰਮ ਆਏ ਹੋਣ।



## ਯਾਦ ਰੱਖਣ ਯੋਗ ਗੱਲਾਂ

- ਕੱਪੜਿਆਂ ਉੱਪਰ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਲੱਕੜ ਦੇ ਠੱਪੇ ਵਰਤੇ ਜਾਂਦੇ ਹਨ।
- ਵਰਤਮਾਨ ਸਮੇਂ ਵਿੱਚ ਨਮੂਨੇ ਅਤੇ ਡਿਜ਼ਾਇਨ ਬਣਾਉਣ ਲਈ ਮਸ਼ੀਨਾਂ ਦੀ ਵਰਤੋਂ ਹੋਣ ਲੱਗੀ ਹੈ।
- ਲਲਾਰੀ ਕੱਪੜੇ ਰੰਗਦਾ ਹੈ।

2. **ਮਿਲਾਣ ਕਰੋ—**



| ੳ | ਅ |
|---|---|
| ਰੱਖੜੀ | ਲਾਲ |
| ਪੱਗ | ਔਰਤ |
| ਸਾੜ੍ਹੀ | ਕੱਪੜਾ ਰੰਗਣਾ |
| ਲਲਾਰੀ | ਮਠਿਆਈ |
| ਲੱਡੂ | ਗੁੱਟ |
| ਰੰਗ | ਸਿਰ |

3. **ਖਾਲੀ ਸਥਾਨ ਭਰੋ—**

**(ਨਿੰਮ, ਭੱਦੇ, ਲਲਾਰੀ, ਰੱਖੜੀ, ਨਮੂਨੇ)**

(ੳ) ਭੈਣ ਆਪਣੇ ਭਰਾ ਦੇ ਗੁੱਟ 'ਤੇ ...................... ਬੰਨ੍ਹਦੀ ਹੈ।

(ਅ) ...................... ਕੱਪੜਾ ਰੰਗਦਾ ਹੈ।

(ੲ) ਕੱਪੜੇ ਨੂੰ ਸੁੰਦਰ ਬਣਾਉਣ ਲਈ ਉਸ ਉੱਪਰ ...................... ਬਣਾਏ ਜਾਂਦੇ ਹਨ।

(ਸ) ਰੰਗ ਉਤਰ ਜਾਣ ਤੋਂ ਬਾਅਦ ਕੱਪੜੇ ...................... ਦਿਖਾਈ ਦਿੰਦੇ ਹਨ।

(ਹ) ...................... ਦੇ ਪੱਤੇ ਸੁਕਾ ਕੇ ਟਰੰਕਾਂ ਵਿੱਚ ਰੱਖੇ ਜਾਂਦੇ ਹਨ।

4. **ਕੱਪੜੇ ਰੰਗਣ ਤੋਂ ਬਾਅਦ ਕਿਹੋ ਜਿਹੇ ਦਿਸਦੇ ਹਨ ?**

..........................................................................................

5. **ਰੰਗ ਉਤਰ ਜਾਣ ਤੋਂ ਬਾਅਦ ਕੱਪੜੇ ਕਿਹੋ ਜਿਹੇ ਦਿਸਦੇ ਹਨ ?**

..........................................................................................

6. **ਠੱਪਾ ਕਿਸ ਚੀਜ਼ ਦਾ ਬਣਿਆ ਹੁੰਦਾ ਹੈ ?**

..........................................................................................

*****



ਪਾਠ-18

# ਮਿੱਟੀ ਦੇ ਖਿਡੌਣੇ

ਐਤਵਾਰ ਦਾ ਦਿਨ ਸੀ। ਪ੍ਰਵੀਨ ਨੂੰ ਅੱਜ ਸਕੂਲ ਤੋਂ ਛੁੱਟੀ ਸੀ। "ਸਾਰਾ ਦਿਨ ਟੀ.ਵੀ. ਤੇ ਕਾਰਟੂਨ ਵੇਖ-ਵੇਖ ਕੇ ਤੇਰੀਆਂ ਅੱਖਾਂ ਖਰਾਬ ਹੋ ਜਾਣਗੀਆਂ" ਸਵੇਰ ਤੋਂ ਲਗਾਤਾਰ ਟੀ.ਵੀ ਦੇਖਦੀ ਪ੍ਰਵੀਨ ਨੂੰ ਉਸਦੀ ਦਾਦੀ ਮਾਂ ਨੇ ਟੋਕਦਿਆਂ ਬਾਹਰੋਂ ਉੱਚੀ ਆਵਾਜ਼ ਵਿੱਚ ਕਿਹਾ।

"ਤੇ ਫੇਰ ਮੈਂ ਵਿਹਲੀ ਬੈਠੀ ਕੀ ਕਰਾਂ ? ਮਨ ਲਾਉਣ ਲਈ ਵੀ ਤਾਂ ਕੁਝ ਨਾ ਕੁਝ ਕਰਨਾ ਹੀ ਪੈਂਦਾ ਹੈ, ਦਾਦੀ ਮਾਂ।"

ਦਾਦੀ ਮਾਂ ਬੋਲੀ, "ਅੱਜ ਕੱਲ੍ਹ ਦੇ ਨਿਆਣੇ ਤਾਂ ਸਾਰਾ ਦਿਨ ਟੀ.ਵੀ, ਕੰਪਿਊਟਰ ਅਤੇ ਮੋਬਾਇਲ ਫੋਨ ਨਾਲ ਹੀ ਜੁੜੇ ਰਹਿੰਦੇ ਨੇ। ਕੋਟਲਾ ਛਪਾਕੀ, ਬਾਂਦਰ ਕਿੱਲਾ ਤੇ ਪਿੱਠੂ ਗਰਮ ਵਰਗੀਆਂ ਖੇਡਾਂ ਦਾ ਤਾਂ ਇਨ੍ਹਾਂ ਨੂੰ ਪਤਾ ਵੀ ਨਹੀਂ। ਸਾਡੇ ਵੇਲੇ ਕਿੱਥੇ ਹੋਇਆ ਕਰਦੇ ਸਨ ਟੀ.ਵੀ ਤੇ ਕੰਪਿਊਟਰ। ਅਸੀਂ ਤਾਂ ਮਿੱਟੀ ਦੇ ਖਿਡੌਣਿਆਂ ਨਾਲ ਖੇਡਦੇ ਜਵਾਨ ਹੋ ਗਏ।"

"ਹੈਂ! ਮਿੱਟੀ ਦੇ ਖਿਡੌਣੇ। ਮਿੱਟੀ ਨਾਲ ਖੇਡ ਕੇ ਤਾਂ ਕੱਪੜੇ ਗੰਦੇ ਹੋ ਜਾਂਦੇ ਆ।" ਬਾਹਰ ਆਉਂਦੀ ਹੋਈ ਪ੍ਰਵੀਨ ਬੋਲੀ।

"ਨਹੀਂ ਪੁੱਤ! ਮਿੱਟੀ ਨਾਲ ਜੁੜੇ ਰਹਿਣ ਅਤੇ ਖੇਡਣ ਨਾਲ ਸਾਡਾ ਮਨ ਪ੍ਰਸੰਨ ਰਹਿੰਦਾ ਹੈ।

ਅਸੀ ਨਿੱਕੇ ਹੁੰਦੇ ਚੀਕਣੀ ਮਿੱਟੀ ਵਿੱਚ ਪਾਣੀ ਪਾ ਕੇ ਗੁੰਨ ਕੇ ਉਸ ਤੋਂ ਸੋਹਣੇ ਸੋਹਣੇ ਖਿਡੌਣੇ ਜਿਵੇਂ ਦੀਵੇ, ਚੁਲ੍ਹੇ ਅਤੇ ਭਾਂਡੇ ਬਣਾ ਕੇ ਖੇਡਦੇ ਸਾਂ।"

"ਕਿਉਂ ਦਾਦੀ ਮਾਂ! ਤੁਹਾਡੇ ਵੇਲੇ ਭਾਂਡੇ ਨਹੀਂ ਸਨ ਹੁੰਦੇ ?"

"ਨਹੀਂ ਪੁੱਤ! ਸਾਡੇ ਸਮੇਂ ਵਿੱਚ ਅੱਜ ਵਾਂਗ ਸਟੀਲ ਅਤੇ ਐਲੂਮੀਨੀਅਮ ਦੇ ਬਰਤਨ ਨਹੀਂ ਸਨ ਹੁੰਦੇ। ਮਿੱਟੀ ਦੇ ਬਣੇ ਬਰਤਨ ਹੀ ਵਰਤੇ ਜਾਂਦੇ ਸਨ। ਕੁੱਜੇ, ਚਾਟੀਆਂ, ਕਾੜ੍ਹਨੀਆਂ, ਭੜੋਲੀਆਂ ਹੀ ਹੁੰਦੀਆਂ ਸਨ।"

"ਦਾਦੀ ਮਾਂ! ਮੈਂ ਵੀ ਮਿੱਟੀ ਦੇ ਖਿਡੌਣੇ ਬਣਾਉਣੇ ਸਿੱਖਣੇ ਹਨ।

ਦਾਦੀ ਮਾਂ ਨੇ ਪ੍ਰਵੀਨ ਨੂੰ ਨਾਲ ਲਿਆ ਅਤੇ ਲਾਗਲੇ ਪਿੰਡੋਂ ਖੇਤ ਵਿੱਚੋਂ ਚੀਕਣੀ ਮਿੱਟੀ ਪੁੱਟ ਕੇ ਥੈਲੇ ਵਿੱਚ ਪਾ ਕੇ ਘਰ ਲੈ ਆਏ।

1. **ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਉ।**

(ੳ) ਬਹੁਤ ਜ਼ਿਆਦਾ ਟੀ.ਵੀ. ਦੇਖਣ ਨਾਲ ਖਰਾਬ ਹੋ ਜਾਂਦੀਆਂ ਹਨ :

ਕੰਨ ☐ ਨੱਕ ☐

ਅੱਖਾਂ ☐ ਦਿਮਾਗ ☐

(ਅ) ਪੁਰਾਣੇ ਸਮੇਂ ਵਿੱਚ ਅਨਾਜ ਸਟੋਰ ਕਰਨ ਲਈ ਵਰਤੇ ਜਾਂਦੇ ਸਨ :

ਡਰੰਮ ☐ ਸੰਦੂਕ ☐ ਭੜੋਲੀਆਂ ☐

(ੲ) ਖਿਡੌਣੇ ਬਣਾਉਣ ਲਈ ਕਿਸ ਕਿਸਮ ਦੀ ਮਿੱਟੀ ਵਰਤੀ ਜਾਂਦੀ ਹੈ ?


ਲਾਲ ☐ ਰੇਤਲੀ ☐ ਚੀਕਣੀ ☐

(ਸ) ਦੀਵਾਲੀ ਦੀ ਰਾਤ ਕਿਸ ਪਦਾਰਥ ਦੇ ਬਣੇ ਦੀਵੇ ਬਾਲਦੇ ਹਾਂ ?

ਸਟੀਲ ☐ ਕੱਚ ☐ ਮਿੱਟੀ ☐

**ਕਿਰਿਆ-1** ਵਿਦਿਆਰਥੀਆਂ ਨੂੰ ਮਿੱਟੀ ਦੇ ਖਿਡੌਣੇ ਘਰੋਂ ਬਣਾ ਕੇ ਕਿਹਾ ਜਾਵੇ।

ਗੱਲ ਨੂੰ ਅਗਾਂਹ ਤੋਰਦਿਆਂ ਦਾਦੀ ਮਾਂ ਬੋਲੀ, "ਪੁੱਤਰ! ਜਿਵੇਂ ਜਿਵੇਂ ਸਮਾਂ ਬਦਲਦਾ ਗਿਆ, ਮਨੁੱਖ ਦੀ ਸੋਚ ਵੀ ਬਦਲਦੀ ਗਈ। ਉਸਦੇ ਰਹਿਣ-ਸਹਿਣ ਦੇ ਢੰਗ ਵਿੱਚ ਬੜੀਆਂ ਤਬਦੀਲੀਆਂ ਆਈਆਂ। ਪਹਿਲਾਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਅਤੇ ਕੱਚਾ ਮਾਸ ਖਾਂਦਾ ਸੀ। ਪਰ ਅੱਗ ਅਤੇ ਪਹੀਏ ਦੀ ਖੋਜ ਨਾਲ ਉਸਦਾ ਜੀਵਨ ਸੁਖਾਲਾ ਹੋ ਗਿਆ। ਥਾਂ-ਥਾਂ ਖਾਨਾਬਦੋਸ਼ ਬਣ ਕੇ ਘੁੰਮਣ ਵਾਲਾ ਮਨੁੱਖ ਹੁਣ ਇੱਕ ਥਾਂ ਰਹਿਣ ਲੱਗ ਪਿਆ। ਕੱਚੇ ਮਾਸ ਨੂੰ ਅੱਗ ਤੇ ਭੁੰਨ ਕੇ ਖਾਣਾ ਸ਼ੁਰੂ ਕਰ ਦਿੱਤਾ। ਖੇਤੀ ਕਰਕੇ ਅਨਾਜ ਅਤੇ ਦਾਲਾਂ ਉਗਾਉਣ ਲੱਗਾ ਪਰ ਔਖੇ ਸਮੇਂ ਲਈ ਖਾਣ ਦੀਆਂ ਵਸਤਾਂ ਨੂੰ ਸਟੋਰ ਕਰਕੇ ਰੱਖਣਾ ਬਹੁਤ ਜ਼ਰੂਰੀ ਸੀ। ਇਸ ਲਈ ਉਸਨੂੰ ਬਰਤਨਾਂ ਦੀ ਲੋੜ ਮਹਿਸੂਸ ਹੋਈ। ਪਹੀਏ (ਚੱਕ) 'ਤੇ ਗਿੱਲੀ ਗੁੰਨੀ ਮਿੱਟੀ ਰੱਖ ਕੇ ਹੱਥ ਨਾਲ ਮਿੱਟੀ ਦੇ ਬਰਤਨ ਬਣਾਉਣ ਲੱਗਾ। ਬੁੱਧੀ ਹੋਰ ਵਿਕਸਿਤ ਹੋਈ ਤਾਂ ਉਸਨੇ ਕੱਚੇ ਮਿੱਟੀ ਦੇ ਬਰਤਨਾਂ ਨੂੰ ਅੱਗ ਵਿੱਚ ਪਕਾ ਕੇ ਮਜ਼ਬੂਤ ਕਰਨ ਦਾ ਢੰਗ ਵੀ ਸਿੱਖ ਲਿਆ। ਅੱਗ ਦੇ ਪੱਕੇ ਬਰਤਨਾਂ ਦਾ ਉਸਨੂੰ ਇਹ ਲਾਭ ਹੋਇਆ ਕਿ ਉਹ ਇਸ ਵਿੱਚ ਦੁੱਧ, ਪਾਣੀ, ਤੇਲ ਅਤੇ ਹੋਰ ਤਰਲ ਪਦਾਰਥ ਸਟੋਰ ਕਰਕੇ ਰੱਖਣ ਲੱਗਾ। ਆਪਣੇ ਮਨ ਦੇ ਭਾਵਾਂ ਅਤੇ ਰੀਝਾਂ ਨੂੰ ਦਰਸਾਉਣ ਲਈ ਇਨ੍ਹਾਂ ਉੱਪਰ ਵੱਖ-ਵੱਖ ਚਿੱਤਰ ਜਿਵੇਂ-ਜਾਨਵਰ, ਪੌਦੇ, ਸੂਰਜ, ਚੰਦ ਬਣਾ ਕੇ ਉਨ੍ਹਾਂ ਵਿੱਚ ਰੰਗ ਭਰਨ ਲੱਗਾ।

ਪੁਰਾਣੇ ਸਮਿਆਂ ਵਿੱਚ ਵਰਤੇ ਜਾਣ ਵਾਲੇ ਮਿੱਟੀ ਦੇ ਬਰਤਨ

ਧਰਤੀ ਦੀ ਖੁਦਾਈ ਤੋਂ ਪੁਰਾਤਨ ਬਰਤਨਾਂ ਦੇ ਕਈ ਟੁਕੜੇ ਅਤੇ ਅਵਸੇਸ਼ ਮਿਲੇ ਹਨ ਜਿਨ੍ਹਾਂ ਨੂੰ ਅੱਜ ਵੀ ਅਜਾਇਬ ਘਰਾਂ ਵਿੱਚ ਬੜੀ ਸਾਂਭ-ਸੰਭਾਲ ਨਾਲ ਰੱਖਿਆ ਗਿਆ ਹੈ ਤਾਂ ਜੋ ਨਵੀਂ ਪੀੜ੍ਹੀ ਰਹਿਣ-ਸਹਿਣ ਦੇ ਪੁਰਾਤਨ ਢੰਗਾਂ ਬਾਰੇ ਜਾਣੂ ਹੋ ਸਕੇ।

**ਅਧਿਆਪਕ ਲਈ—**ਪੰਜਾਬ ਵਿੱਚ ਬਹੁਤ ਸਾਰੇ ਅਜਾਇਬ ਘਰ ਹਨ। ਹੋ ਸਕਦਾ ਹੈ ਤੁਹਾਡੇ ਨਜ਼ਦੀਕੀ ਪਿੰਡ ਜਾਂ ਸ਼ਹਿਰ ਵਿੱਚ ਕੋਈ ਅਜਾਇਬ ਘਰ ਹੋਵੇ ਅਤੇ ਜੇ ਸੰਭਵ ਹੋਵੇ ਤਾਂ ਬੱਚਿਆਂ ਨੂੰ ਉੱਥੇ ਲਿਜਾਇਆ ਜਾਵੇ।

**ਕਿਰਿਆ-2 :** ਮਿੱਟੀ ਦੇ ਭਾਂਡੇ ਬਣਾਉਣ ਵਾਲੇ ਕਾਰੀਗਰ ਨੂੰ ਘੁਮਿਆਰ ਕਹਿੰਦੇ ਹਨ। ਆਪਣੇ ਮਾਤਾ ਪਿਤਾ ਜਾਂ ਪਰਿਵਾਰ ਦੇ ਕਿਸੇ ਹੋਰ ਵੱਡੇ ਮੈਂਬਰ ਨਾਲ ਘੁਮਿਆਰ ਦੇ ਘਰ ਜਾਉ ਅਤੇ ਵੇਖੋ ਕਿ ਉਹ ਕਿਵੇਂ ਭਾਂਡੇ ਬਣਾਉਂਦਾ ਅਤੇ ਪਕਾਉਂਦਾ ਹੈ।

ਘੁਮਿਆਰ ਦੁਆਰਾ ਬਣਾਏ ਜਾ ਰਹੇ ਮਿੱਟੀ ਦੇ ਦੀਵੇ



## ਯਾਦ ਰੱਖਣ ਯੋਗ ਗੱਲਾਂ

- ਪੁਰਾਤਨ ਸਮੇਂ ਵਿੱਚ ਮਿੱਟੀ ਦੇ ਬਣੇ ਬਰਤਨ ਵਰਤੇ ਜਾਂਦੇ ਸਨ।
- ਅੱਗ ਅਤੇ ਪਹੀਏ ਦੀ ਖੋਜ ਨਾਲ ਮਨੁੱਖ ਦਾ ਜੀਵਨ ਸੁਖਾਲਾ ਹੋ ਗਿਆ ਹੈ।
- ਘੁਮਿਆਰ ਚੱਕ ਦੀ ਵਰਤੋਂ ਨਾਲ ਮਿੱਟੀ ਦੇ ਬਰਤਨ ਬਣਾਉਂਦਾ ਹੈ।
- ਅਜਾਇਬ ਘਰ ਵਿੱਚ ਦੁਰਲੱਭ ਵਸਤਾਂ ਨੂੰ ਸੰਭਾਲ ਕੇ ਰੱਖਿਆ ਜਾਂਦਾ ਹੈ।



ਪ੍ਰਸ਼ਨ 2. ਮਿੱਟੀ ਦੇ ਬਰਤਨ ਬਣਾਉਣ ਵਾਲੇ ਕਾਰੀਗਰ ਨੂੰ ਕੀ ਆਖਦੇ ਹਨ ?

..........................................................................................

ਪ੍ਰਸ਼ਨ 3. ਕਿਸ ਚੀਜ਼ ਦੀ ਖੋਜ ਨਾਲ ਆਦਿ ਮਾਨਵ ਕੱਚਾ ਮਾਸ ਭੁੰਨ ਕੇ ਖਾਣ ਲੱਗਾ ?

..........................................................................................

ਪ੍ਰਸ਼ਨ 4. ਪੁਰਾਤਨ ਸਮੇਂ ਵਿੱਚ ਅਨਾਜ ਨੂੰ ਸਟੋਰ ਕਰਨ ਲਈ ਵਰਤੇ ਜਾਣ ਵਾਲੇ ਬਰਤਨ ਦਾ ਨਾਂ ਦੱਸੋ।

..........................................................................................

ਪ੍ਰਸ਼ਨ 5. ਘੁਮਿਆਰ ਵਲੋਂ ਵਰਤੇ ਜਾਣ ਵਾਲੇ ਪਹੀਏ ਨੂੰ ਕੀ ਆਖਦੇ ਹਨ ?

..........................................................................................

6. ਖ਼ਾਲੀ ਥਾਂਵਾਂ ਭਰੋ—

(ਮਿੱਟੀ, ਪਹੀਏ, ਕੱਚੀ ਮਿੱਟੀ, ਅੱਗ, ਅਜਾਇਬ ਘਰ)

(ੳ) ਦੀਵਾਲੀ ਵਾਲੀ ਰਾਤ ਅਸੀਂ ਬਨੇਰਿਆਂ 'ਤੇ ...................... ਦੇ ਬਣੇ ਹੋਏ ਦੀਵੇ ਬਾਲਦੇ ਹਾਂ।

(ਅ) ...................... ਅਤੇ ...................... ਦੀ ਖੋਜ ਨਾਲ ਆਦਿ ਮਾਨਵ ਦਾ ਜੀਵਨ ਸੁਖਾਲਾ ਹੋ ਗਿਆ।

(ੲ) ਪੁਰਾਣੀਆਂ ਦੁਰਲੱਭ ਵਸਤਾਂ ਨੂੰ ...................... ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ।

(ਸ) ਘੁਮਿਆਰ ...................... ਦੇ ਬਰਤਨ ਅੱਗ ਵਿੱਚ ਪਕਾਉਂਦਾ ਹੈ।

*****



ਪਾਠ-19

# ਡਿਜੀਟਲ ਉਪਕਰਨ

ਬੱਚਿਓ, ਅੱਜ ਸਾਡੀ ਦੁਨੀਆਂ ਵਿੱਚ ਬਿਜਲਈ ਮਸ਼ੀਨਾਂ ਅਤੇ ਖ਼ਾਸ ਕਰ ਡਿਜੀਟਲ ਮਸ਼ੀਨਾਂ ਦੀ ਭਰਮਾਰ ਹੈ। ਅੱਜ-ਕੱਲ੍ਹ ਸਾਡੇ ਘਰ ਅੰਦਰ ਹੀ ਬਹੁਤ ਸਾਰੇ ਉਪਕਰਨ ਹਨ ਜੋ ਬਿਜਲੀ ਨਾਲ ਚਲਦੇ ਹਨ ਅਤੇ ਸਾਡੇ ਵੱਖੋ-ਵੱਖ ਕੰਮ ਮਿੰਟਾਂ ਸਕਿੰਟਾਂ ਵਿੱਚ ਕਰ ਦਿੰਦੇ ਹਨ। ਇਸ ਪਾਠ ਵਿੱਚ ਅਸੀਂ ਉਨ੍ਹਾਂ ਡਿਜੀਟਲ ਉਪਕਰਨਾਂ ਬਾਰੇ ਜਾਣਾਂਗੇ, ਜਿਹੜੇ ਕਿ ਆਮ ਤੌਰ ਤੇ ਸਾਡੇ ਘਰਾਂ ਵਿੱਚ ਵਰਤੇ ਜਾਂਦੇ ਹਨ।



ਹੁਣ ਵਿਗਿਆਨ ਨੇ ਇੰਨੀ ਤਰੱਕੀ ਕਰ ਲਈ ਹੈ ਕਿ ਤਕਰੀਬਨ ਘਰ ਦੇ ਸਾਰੇ ਉਪਕਰਨ ਡਿਜੀਟਲ ਅਤੇ ਸਮਾਰਟ ਹੋ ਗਏ ਹਨ। ਪਹਿਲਾਂ ਦੇ ਮੁਕਾਬਲੇ ਇਨ੍ਹਾਂ ਦੀ ਕਾਰਜ ਕਰਨ ਦੀ ਸਮਰੱਥਾ ਅਤੇ ਗੁਣਵੱਤਾ ਵਿੱਚ ਅਥਾਹ ਵਾਧਾ ਹੋਇਆ ਹੈ। ਆਓ ਕੁਝ ਉਪਕਰਨਾਂ ਬਾਰੇ ਜਾਣਕਾਰੀ ਲਈਏ—

**1. ਰੇਡੀਓ**—ਰੇਡੀਓ ਦੀ ਵਰਤੋਂ ਅਸੀਂ ਘਰਾਂ ਵਿੱਚ ਖਬਰਾਂ ਸੁਣਨ ਅਤੇ ਗਾਣੇ ਆਦਿ ਸੁਣਨ ਲਈ ਕਰਦੇ ਹਾਂ। ਇਹ ਸਾਨੂੰ ਵੱਖੋ-ਵੱਖ ਤਰ੍ਹਾਂ ਦੀ ਜਾਣਕਾਰੀ ਦਿੰਦਾ ਹੈ ਜਿਵੇਂ ਸਿਹਤ ਅਤੇ ਸਿੱਖਿਆ। ਇਹ ਸ਼ਬਦ ਭੰਡਾਰ ਵਿੱਚ ਵਾਧਾ ਕਰਦਾ ਹੈ ਅਤੇ ਸਾਡਾ ਮਨੋਰੰਜਨ ਵੀ ਕਰਦਾ ਹੈ।






**2. ਟੀ.ਵੀ.**—ਟੀ.ਵੀ. (ਟੈਲੀਵਿਜ਼ਨ) ਬੱਚਿਆਂ ਦੇ ਮਨੋਰੰਜਨ ਦਾ ਮਨਪਸੰਦ ਸਾਧਨ ਹੈ। ਇਸ ਵਿੱਚ ਆਵਾਜ਼ ਦੇ ਨਾਲ-ਨਾਲ ਚਲਦੀਆਂ-ਫਿਰਦੀਆਂ ਤਸਵੀਰਾਂ ਵੀ ਨਜ਼ਰ ਆਉਂਦੀਆਂ ਹਨ। ਇਹ ਸਾਨੂੰ ਘਰ ਬੈਠੇ ਹੀ ਸਾਰੀ ਦੁਨੀਆਂ ਦੀ ਸੈਰ ਕਰਵਾ ਦਿੰਦਾ ਹੈ। ਕਾਰਟੂਨ, ਫਿਲਮਾਂ, ਗਾਣੇ, ਖੇਡਾਂ ਪਤਾ ਨਹੀਂ ਹੋਰ ਕਿੰਨਾਂ ਕੁਝ ਰਿਮੋਟ ਦਾ ਇੱਕ ਬਟਨ ਦੱਬਣ ਨਾਲ ਇਹ ਸਾਡੇ ਸਾਹਮਣੇ ਪੇਸ਼ ਕਰ ਦਿੰਦਾ ਹੈ।



**3. ਫਰਿੱਜ—** ਫਰਿੱਜ ਦੀ ਵਰਤੋਂ ਘਰਾਂ ਵਿੱਚ ਖਾਣ ਦੀਆਂ ਵਸਤੂਆਂ ਨੂੰ ਠੰਡਾ ਰੱਖਣ ਲਈ ਕੀਤੀ ਜਾਂਦੀ ਹੈ। ਇਸ ਨਾਲ ਖਾਣਾ ਖਰਾਬ ਹੋਣ ਤੋਂ ਬਚਿਆ ਰਹਿੰਦਾ ਹੈ। ਇਸ ਦੀ ਵਰਤੋਂ ਮਾਂ ਤੁਹਾਨੂੰ ਠੰਡੀ ਅਤੇ ਮਿੱਠੀ ਆਈਸ-ਕਰੀਮ ਬਣਾਕੇ ਦੇਣ ਲਈ ਵੀ ਕਰਦੀ ਹੈ। ਗਰਮੀਆਂ ਵਿੱਚ ਤੁਸੀਂ ਸਾਰੇ ਘਰ ਆਉਂਦੇ ਹੀ ਠੰਡਾ ਪਾਣੀ ਪੀਣ ਲਈ ਫਰਿੱਜ ਵੱਲ ਭੱਜਦੇ ਹੋ। ਕਈ ਦਵਾਈਆਂ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਘੱਟ ਤਾਪਮਾਨ ਦੀ ਲੋੜ ਹੁੰਦੀ ਹੈ। ਇਸ ਲਈ ਇਹ ਦਵਾਈਆਂ ਫਰਿੱਜ ਵਿੱਚ ਰੱਖੀਆਂ ਜਾਂਦੀਆਂ ਹਨ।



**4. ਪ੍ਰੈੱਸ—**ਬੱਚਿਓ, ਤੁਹਾਡੇ ਮੰਮੀ ਜੀ ਸਕੂਲ ਆਉਣ ਵੇਲੇ ਤੁਹਾਡੀ ਵਰਦੀ ਨੂੰ ਪ੍ਰੈੱਸ ਦੀ ਮਦਦ ਨਾਲ ਹੀ ਤਾਂ ਸਾਫ਼ ਤੇ ਸੋਹਣਾ ਬਣਾਉਂਦੇ ਹਨ। ਕੱਪੜੇ ਧੋਣ ਤੋਂ ਬਾਅਦ ਕੱਪੜੇ ਵਿੱਚ ਪਏ ਵੱਟਾਂ ਨੂੰ ਕੱਢਣ ਲਈ ਗਰਮ-ਗਰਮ ਪ੍ਰੈੱਸ ਮਿੰਟ ਲਾਉਂਦੀ ਹੈ। ਪਰੰਤੂ ਬੱਚਿਓ, ਤੁਸੀਂ ਗਰਮ ਪ੍ਰੈੱਸ ਦੇ ਨਜ਼ਦੀਕ ਜਾਣ ਤੋਂ ਪ੍ਰਹੇਜ ਕਰਨਾ ਹੈ, ਨਹੀਂ ਤਾਂ ਤੁਹਾਡਾ ਹੱਥ ਜਾਂ ਕੋਈ ਹੋਰ ਅੰਗ ਸੜ ਸਕਦਾ ਹੈ।




**5. ਕੈਮਰਾ—**ਕੈਮਰੇ ਦੀ ਵਰਤੋਂ ਤਸਵੀਰਾਂ ਖਿੱਚਣ ਲਈ ਕੀਤੀ ਜਾਂਦੀ ਹੈ। ਅੱਜਕੱਲ੍ਹ ਦੇ ਡਿਜੀਟਲ ਕੈਮਰੇ ਵਿੱਚ ਕੋਈ ਰੋਲ ਵੀ ਨਹੀਂ ਪਾਉਣਾ ਪੈਂਦਾ, ਸਗੋਂ ਸਿੱਧੀਆਂ ਹੀ ਤਸਵੀਰਾਂ ਪ੍ਰਿੰਟ ਹੋ ਜਾਂਦੀਆਂ ਹਨ।






**6. ਮੋਬਾਈਲ—** ਪਹਿਲਾਂ ਮੋਬਾਈਲ ਦੀ ਵਰਤੋਂ ਕੇਵਲ ਦੂਰ ਬੈਠੇ ਵਿਅਕਤੀ ਨਾਲ ਗੱਲਾਂ ਕਰਨ ਲਈ ਹੀ ਕੀਤੀ ਜਾਂਦੀ ਸੀ। ਪਰ ਅੱਜ ਕੱਲ੍ਹ ਦੇ ਸਮਾਰਟ ਮੋਬਾਈਲ ਤੇ ਤੁਸੀਂ ਬਹੁਤ ਸਾਰੇ ਕੰਮ ਕਰ ਸਕਦੇ ਹੋ। ਗੇਮ ਖੇਡਣਾ, ਰਸਤਾ ਲੱਭਣਾ, ਮੌਸਮ ਦੀ ਜਾਣਕਾਰੀ ਲੈਣਾ, ਚੈਟਿੰਗ ਕਰਨਾ, ਤਸਵੀਰਾਂ ਅਤੇ ਵੀਡਿਓ ਦੇਖਣਾ ਅਤੇ ਭੇਜਣਾ, ਬਿੱਲ ਭਰਨੇ ਅਤੇ ਹੋਰ ਪਤਾ ਨਹੀਂ ਕਿੰਨੇ ਕੁ ਕੰਮ ਅੱਜ ਸਾਡਾ ਮੋਬਾਈਲ ਕਰ ਦਿੰਦਾ ਹੈ।



**7. ਵਾਸ਼ਿੰਗ ਮਸ਼ੀਨ—** ਇਸ ਦੀ ਵਰਤੋਂ ਕੱਪੜੇ ਧੋਣ ਲਈ ਕੀਤੀ ਜਾਂਦੀ ਹੈ। ਹੁਣ ਸਮਾਰਟ ਵਾਸ਼ਿੰਗ ਮਸ਼ੀਨਾਂ ਆ ਗਈਆਂ ਹਨ, ਜੋ ਕਿ ਕੱਪੜਿਆਂ ਨੂੰ ਆਪਣੇ ਆਪ ਹੀ ਧੋ ਅਤੇ ਸੁਕਾ ਵੀ ਦਿੰਦੀਆਂ ਹਨ। ਤੁਸੀਂ ਉਸ ਵਿੱਚ ਕੱਪੜੇ ਪਾਉਣ ਤੋਂ ਬਾਅਦ ਉਸਨੂੰ ਚਾਲੂ ਹੀ ਕਰਨਾ ਹੈ....ਤੇ ਬੱਸ, ਹੋ ਗਈ ਕੱਪੜਿਆਂ ਦੀ ਸਫਾਈ।



**8. ਕੰਪਿਊਟਰ—**ਕੰਪਿਊਟਰ ਇੱਕ ਅਜਿਹੀ ਡਿਜੀਟਲ ਮਸ਼ੀਨ ਹੈ, ਜਿਸਨੇ ਹੁਣ ਹਰ ਘਰ ਦੇ ਵਿੱਚ ਆਪਣੀ ਜਗ੍ਹਾ ਬਣਾ ਲਈ ਹੈ। ਇਸ ਦੀ ਵਰਤੋਂ ਹਰ ਇੱਕ ਕੰਮ ਦੇ ਵਿੱਚ ਹੋਣ ਲੱਗੀ



ਹੈ, ਫੇਰ ਭਾਵੇਂ ਉਹ ਮਨੋਰੰਜਨ ਹੀ ਕਿਉਂ ਨਾ ਹੋਵੇ। ਇਹ ਇੱਕ ਸਮਾਰਟ ਮਸ਼ੀਨ ਹੈ ਜੋ ਸਾਡੇ ਹਰ ਇੱਕ ਕੰਮ ਨੂੰ ਸੁਖਾਲਾ ਬਣਾ ਦਿੰਦੀ ਹੈ। ਗਾਣੇ ਸੁਣਨਾ, ਫਿਲਮਾਂ ਦੇਖਣਾ, ਗੇਮ ਖੇਡਣਾ, ਇੰਟਰਨੈਟ ਤੇ ਜਾਣਕਾਰੀ ਲੱਭਣਾ, ਹਿਸਾਬ-ਕਿਤਾਬ ਰੱਖਣਾ, ਪੜ੍ਹਾਈ ਕਰਨਾ, ਬਿੱਲ ਭਰਨੇ, ਦੂਰ ਬੈਠੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰਨਾ, ਚਿੱਠੀਆਂ ਲਿਖਣਾ ਅਤੇ ਭੇਜਣਾ ਆਦਿ ਵਰਗੇ ਹਰ ਤਰ੍ਹਾਂ ਦੇ ਕੰਮ ਤੁਸੀਂ ਇਸ ਇੱਕ ਹੀ ਮਸ਼ੀਨ ’ਤੇ ਕਰ ਸਕਦੇ ਹੋ।



## ਯਾਦ ਰੱਖਣ ਯੋਗ ਗੱਲਾਂ

- ਨੰਗੇ ਪੈਰ ਜਾਂ ਗਿੱਲੇ ਹੱਥਾਂ ਨਾਲ ਬਿਜਲੀ ਦੇ ਕਿਸੇ ਉਪਕਰਨ ਨੂੰ ਛੂਹਣਾ ਨਹੀਂ ਚਾਹੀਦਾ।
- ਪ੍ਰੈੱਸ ਦੀ ਵਰਤੋਂ ਬੱਚਿਆਂ ਨੂੰ ਖੁਦ ਨਹੀਂ ਕਰਨੀ ਚਾਹੀਦੀ।



**1. ਖਾਲੀ ਥਾਵਾਂ ਭਰੋ :—**

**ਕੰਪਿਊਟਰ, ਡਿਜੀਟਲ, ਫਰਿੱਜ, ਸੁਖਾਲਾ, ਮਨੋਰੰਜਨ**

(ੳ) ਰੇਡੀਓ ਸਾਡਾ .................... ਕਰਦਾ ਹੈ।

(ਅ) .................... ਖਾਣ ਵਾਲੀਆਂ ਵਸਤੂਆਂ ਨੂੰ ਠੰਡਾ ਰੱਖਦਾ ਹੈ।

(ੲ) .................... ਕੈਮਰੇ ਵਿੱਚ ਰੋਲ ਵੀ ਪਵਾਉਣਾ ਨਹੀਂ ਪੈਂਦਾ।

(ਸ) .................... ਸਮਾਰਟ ਮਸ਼ੀਨ ਹੈ ਜੋ ਸਾਡੇ ਕੰਮ ਨੂੰ .................... ਕਰਦੀ ਹੈ।

**2. ਉੱਤਰ ਦਿਓ :—**

(ੳ) ਕੰਪਿਊਟਰ ਦੀ ਵਰਤੋਂ ਦੇ ਤਿੰਨ ਖੇਤਰ ਲਿਖੋ।
1. .......................... 2. .................... 3. ....................

(ਅ) ਗਰਮ ਪ੍ਰੈੱਸ ਦੇ ਨਜ਼ਦੀਕ ਕਿਉਂ ਨਹੀਂ ਆਉਣਾ ਚਾਹੀਦਾ?

..............................................................................

*****